# ਪੰਜਾਬ ਸਰਕਾਰ
# ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ
## (ਪਸ਼ੂ ਪਾਲਣ-2 ਸ਼ਾਖਾ)
## ਅਧਿਸੂਚਨਾ

ਨੰ. 18/104/2001/ਪਪ-2(6)/11420

ਚੰਡੀਗੜ੍ਹ, ਮਿਤੀ : 06.09.24

ਪੰਜਾਬ ਸਟੇਟ ਵੈਟਰਨਰੀ ਕੌਂਸਲ ਰੂਲਜ਼, 1997 ਦੇ ਰੂਲ 3 (1) ਤਹਿਤ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਹੇਠ ਦਰਸਾਏ ਨੂੰ ਅਧਿ-ਸੂਚਿਤ ਕਰਦੇ ਹਨ :-

1. ਇੰਡੀਅਨ ਵੈਟਰਨਰੀ ਕੌਂਸਲ ਐਕਟ, 1984 ਦੀ ਧਾਰਾ 32 (1) (ਏ) ਅਧੀਨ ਪੰਜਾਬ ਸਟੇਟ ਵੈਟਰਨਰੀ ਕੌਂਸਲ ਲਈ, ਐਕਟ ਦੇ ਚੈਪਟਰ 7 ਅਧੀਨ ਮੇਨਟੇਨ ਕੀਤੇ ਪੰਜਾਬ ਵੈਟਰਨਰੀ ਰਜਿਸਟਰ ਵਿਚ ਦਰਜ ਵਿਅਕਤੀਆਂ ਨੂੰ ਪੰਜਾਬ ਸਰਕਾਰ, ਪੰਜਾਬ ਵੈਟਰਨਰੀ ਕੌਂਸਲ ਰੂਲਜ਼, 1997 ਦੇ ਪ੍ਰਾਵਧਾਨਾਂ ਅਨੁਸਾਰ 4 ਮੈਂਬਰਾਂ ਦੀ ਚੋਣ ਲਈ ਸੱਦਾ ਦਿੰਦੀ ਹੈ।
2. ਤਜਵੀਜ਼ ਕੀਤੇ ਚੋਣ ਵਿਚ ਕੇਵਲ ਉਹ ਵਿਅਕਤੀ ਹੀ ਭਾਗ ਲੈਣ ਲਈ ਯੋਗ ਹੋਣਗੇ, ਜਿਨ੍ਹਾਂ ਦਾ ਨਾਂ ਮਿਤੀ 30.09.2024 ਤੱਕ ਜਾਂ ਇਸ ਤੋਂ ਪਹਿਲਾਂ ਪੰਜਾਬ ਸਟੇਟ ਵੈਟਰਨਰੀ ਕੌਂਸਲ ਵਿਚ ਰਜਿਸਟਰਡ/ਦਰਜ ਹੋਵੇਗਾ।

   ਜਿਨ੍ਹਾਂ ਵਿਅਕਤੀਆਂ ਦਾ ਨਾਂ ਰਜਿਸਟ੍ਰੇਸ਼ਨ ਰੀਨਿਊ ਨਾ ਕਰਵਾਉਣ ਕਰ ਕੇ ਰੀਮੂਵ ਹੋ ਚੁੱਕਾ ਹੋਵੇ ਜਾਂ ਜਿਨ੍ਹਾਂ ਵਿਅਕਤੀਆਂ ਦੀ ਸਾਲ 2023 ਵਿਚ ਰਜਿਸਟ੍ਰੇਸ਼ਨ ਰੀਨਿਊ ਲਈ ਡਿਊ ਹੋਵੇ ਅਜਿਹੇ ਵਿਅਕਤੀ ਚੋਣ ਵਿਚ ਤਾਂ ਹੀ ਭਾਗ ਲੈਣ ਲਈ ਯੋਗ ਹੋਣਗੇ, ਜੇਕਰ ਉਹ ਮਿਤੀ 30.09.2024 ਤੱਕ ਆਪਣਾ ਨਾਂ ਰੈਸਟੋਰ ਜਾਂ ਆਪਣੀ ਰਜਿਸਟ੍ਰੇਸ਼ਨ ਰੀਨਿਊ ਕਰਵਾਉਣਗੇ।
3. ਪੰਜਾਬ ਸਰਕਾਰ, ਪੰਜਾਬ ਸਟੇਟ ਵੈਟਰਨਰੀ ਕੌਂਸਲ ਰੂਲਜ਼, 1997 ਦੇ ਰੂਲ 8 (2) ਅਧੀਨ ਪ੍ਰਕਾਸ਼ਿਤ ਕੀਤੇ ਗਏ ਇਲੈਕਟੋਰਲ ਰੋਲਜ਼ ਦੀ ਕਾਪੀ ਰਜਿਸਟਰਾਰ, ਪੰਜਾਬ ਸਟੇਟ ਵੈਟਰਨਰੀ ਕੌਂਸਲ ਤੋਂ ਮਿਲਣ ਉਪਰੰਤ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਨੂੰ ਪੰਜਾਬ ਸਟੇਟ ਵੈਟਰਨਰੀ ਕੌਂਸਲ ਰੂਲਜ਼, 1997 ਦੇ ਰੂਲ 9 (1) ਅਧੀਨ ਚੋਣ ਅਧਿਕਾਰੀ (ਰਿਟਰਨਿੰਗ ਅਫਸਰ) ਨਾਮਜ਼ਦ/ਮਨੋਨੀਤ ਕਰੇਗੀ। ਇਸ ਤੋਂ ਇਲਾਵਾ ਚੋਣ ਦੇ ਪ੍ਰਬੰਧ -ਚੋਣ ਸੰਪੰਨ ਕਰਨ ਲਈ ਚੋਣ ਅਫਸਰ ਨੂੰ ਸਹਾਇਤਾ ਪ੍ਰਦਾਨ ਕਰਨ ਵਾਸਤੇ ਸਹਾਇਕ ਚੋਣ ਅਧਿਕਾਰੀ (ਅਸਿਸਟੈਂਟ ਰਿਟਰਨਿੰਗ ਅਫਸਰ) ਅਤੇ ਚੋਣ ਸਹਾਇਕ (ਇਲੈਕਸ਼ਨ ਅਸਿਸਟੈਂਟ) ਵੀ ਮਨੋਨੀਤ ਕੀਤੇ ਜਾਣਗੇ।
4. ਚੋਣ ਅਧਿਕਾਰੀ ਸਰਕਾਰੀ ਗਜ਼ਟ ਵਿਚ ਅਧਿਸੂਚਨਾ ਰਾਹੀਂ ਜਾਂ ਉਚਿਤ ਲੱਗਦੇ ਅਜਿਹੇ ਹੋਰ ਮਾਧਿਅਮ ਰਾਹੀਂ, ਜਿਥੇ ਨੋਮੀਨੇਸ਼ਨਜ਼ ਡਲਿਵਰ ਕੀਤੀਆਂ ਜਾਣਗੀਆਂ, ਲਈ ਨਿਸ਼ਚਿਤ ਰੂਪ ਵਿਚ ਥਾਂ ਦੱਸਦੇ ਹੋਏ ਨੋਮੀਨੇਸ਼ਨ ਦਰਜ ਕਰਨ ਲਈ ਮਿਤੀ, ਨੋਮੀਨੇਸ਼ਨ ਪੇਪਰਾਂ ਦੀ ਪੜਤਾਲ (ਸਕਰੂਟਿਨੀ) ਲਈ ਮਿਤੀ ਅਤੇ ਸਮਾਂ, ਨੋਮੀਨੇਸ਼ਨ ਵਾਪਸ ਲੈਣ ਦੀ ਮਿਤੀ, ਚੋਣ ਲਈ ਵੋਟਾਂ ਪੈਣ ਦੀ ਮਿਤੀ, ਵੋਟਾਂ ਦੀ ਗਿਣਤੀ ਲਈ ਮਿਤੀ, ਸਮਾਂ ਤੇ ਥਾਂ ਅਤੇ ਚੋਣ ਦੇ ਨਤੀਜੇ ਦੀ ਘੋਸ਼ਣਾ ਆਦਿ ਪੰਜਾਬ ਸਟੇਟ ਵੈਟਰਨਰੀ ਕੌਂਸਲ ਰੂਲਜ਼, 1997 ਅਤੇ ਇੰਡੀਅਨ ਵੈਟਰਨਰੀ ਕੌਂਸਲ ਐਕਟ, 1984 ਦੀਆਂ ਵਿਵਸਥਾਵਾਂ ਦੇ ਅਨੁਰੂਪ ਨਿਯਤ ਕਰਨਗੇ।

ਆਲੋਕ ਸ਼ੇਖਰ, ਆਈ. ਏ. ਐੱਸ.
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ।

ਚੰਡੀਗੜ੍ਹ, ਮਿਤੀ 06.09.2024
DPR/21/12/7/2023/37730